ਸਰੋਤ: ਭਾਈ ਸਾਹਿਬ ਰਣਧੀਰ ਸਿੰਘ ਜੀ ਸਿਮਰਤੀ ਗ੍ਰੰਥ
ਸੰਪਾਦਕ: ਜੈਤੇਗ ਸਿੰਘ ਅਨੰਤ... (ਪੰਨੇ: 183-188)

# "ਸ਼ਹਿਨਸ਼ਾਹ ਖ਼ਿਲਾਫ ਜੰਗ: 1914-15
# ਗ਼ਦਰ — ਸਪੈਸ਼ਲ ਟ੍ਰਿਬਿਊਨਲ ਦਾ ਫ਼ਤਵਾ"

ਮਲਵਿੰਦਰ ਜੀਤ ਸਿੰਘ ਵੜੈਚ*

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪੈਰੋਕਾਰ, ਸਤਸੰਗੀ/ਸੰਗਰਾਮੀਏ ਗਿਆਨੀ/ਬਾਬਾ ਹਰਭਜਨ ਸਿੰਘ ਚਮਿੰਡਾ/ਲੁਧਿਆਣਾ ਨੇ ਆਪਣੀ ਰਚਨਾ 'ਲਹੂ ਭਿੰਨੀਆਂ ਯਾਦਾਂ' ਵਿਚ ਭਾਈ ਸਾਹਿਬ ਦੀ ਗ਼ਦਰ ਲਹਿਰ ਦੀ ਭੂਮਿਕਾ ਦਾ ਉਲੇਖ ਇੰਜ ਕੀਤਾ ਹੈ:-

ਜਦੋਂ ਚੀਫੀਆਂ(ੳ) ਸ਼ਹਿ ਦੇ ਗੋਰਿਆਂ ਨੂੰ,
ਦਿਲੀ ਵਿਚ ਦੀਵਾਰ(ਅ) ਢਹਾ ਦਿੱਤੀ।
ਗ਼ਦਰ ਪਾਰਟੀ ਦੇ ਨਾਲ ਰਲ ਕੇ ਤੇ,
ਅਗ ਦੇਸ਼ ਦੇ ਵਿਚ ਭੜਕਾ ਦਿੱਤੀ।
ਮੇਰੇ ਜਹੇ ਚੜ੍ਹਦੀ ਓਮਰ ਦੇ ਪਾੜ੍ਹਿਆਂ ਨੂੰ,
ਦੇਸ਼ ਧਰਮ ਦੀ ਗਲ ਸਮਝਾ ਦਿੱਤੀ।
ਦੇਸ਼ ਧਰਮ ਆਜ਼ਾਦ ਕਰਾਉਣ ਦੇ ਲਈ,
ਬਾਜ਼ੀ ਸਿਰ ਤੇ ਧੜ ਦੀ ਲਾ ਦਿੱਤੀ।[1]

ਉਪਰੰਤ ਆਪਣੀ ਸੰਖੇਪ ਸਵੈਜੀਵਨੀ 'ਚ ਇਸ ਬਾਰੇ ਲਿਖਦੇ ਹਨ: ਇਹ ਗੱਲ ਸਨ 1911 ਦੇ ਸ਼ੁਰੂ ਦੀ ਹੈ ਜਦ ਭਾਈ ਸਾਹਿਬ ਹਰ ਬੁਧਵਾਰ ਨੂੰ ਕੀਰਤਨ ਕਰਦੇ ਸਨ ਜਿਸ ਦੇ ਪ੍ਰਭਾਵ ਅਧੀਨ ਮੈਂ ਗੁਰਮਤਿ ਵੱਲ ਖਿਚਿਆ ਗਿਆ; ਇਕ ਸਾਲ ਇਹਨਾਂ ਸਮਾਗਮਾਂ ਵਿਚ ਜਾਂਦੇ ਰਹਿਣ ਕਰਕੇ ਅੰਮ੍ਰਿਤ ਦੀ ਪਿਆਸ ਪਰਬਲ ਹੋ ਗਈ: ਦਾਸ ਤੇ ਮੇਰਾ ਅੰਮ੍ਰਿਤ ਦੇ ਬਾਟੇ ਦਾ ਸਾਂਝੀ ਭਾਈ ਦਲੀਪ ਸਿੰਘ, ਫੂਲਾਂਵਾਲ/ ਲੁਧਿਆਣਾ, ਅਸੀਂ ਦੋਵੇਂ ਅੰਮ੍ਰਿਤ ਛੱਕ ਕਰ ਚੜ੍ਹਦੀਆਂ ਕਲਾਂ ਵਿਚ ਹੋ ਗਏ ਤੇ 'ਸਰਬ ਲੋਹੀਏ' ਸਜ ਗਏ।

ਸਾਲ 1914 ਵੇਲੇ ਅੰਗ੍ਰੇਜੀ ਸਰਕਾਰ ਦੇ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ ਢਾਹੁਣ ਦੇ ਵਿਰੋਧ ਵਿਚ ਭਾਈ ਸਾਹਿਬ ਨੇ ਖੰਨਾ, ਗੁਜਰਵਾਲ, ਲੋਹਟ-ਬਧੀ ਤੇ ਹੋਰਨੀ ਥਾਂਈ ਦੀਵਾਨਾਂ ਵਿਚ ਅੰਗ੍ਰੇਜ ਸਰਕਾਰ ਵਿਰੁੱਧ ਸੰਗਤਾਂ ਨੂੰ ਲਾਮਬੰਦ ਕਰਨ ਦਾ ਉਪਰਾਲਾ ਕੀਤਾ, ਤੇ ਅੰਗ੍ਰੇਜ਼ੀ ਰਾਜ ਦਾ ਜੂਲਾ ਲਾਹੁਣ ਲਈ ਮੈਦਾਨ ਵਿਚ ਨਿਤਰਣ ਦੀ ਸ਼ੁਰੂਆਤ ਕੀਤੀ।[2]

ਲਾਹੌਰ ਸਾਜਿਸ਼ ਕੇਸ (ਸਪਲੀਮੈਂਟਰੀ) ਦੀ ਸਮਾਇਤ ਦੌਰਾਨ ਇਹਨਾਂ ਵਿਰੁੱਧ ਭੁਗਤੇ ਵਾਦਾ ਮਾਫ ਗਵਾਹ ਸੁੰਦਰ ਸਿੰਘ, *ਆਸਾ ਮਾਜਰੀ* ਅਨੁਸਾਰ ਉਹ ਇਹਨਾਂ (ਭਾਈ ਸਾਹਿਬ) ਨੂੰ ਕੁਝ ਸਾਲ ਪਹਿਲਾਂ ਭਸੌੜ ਵਿਖੇ ਮਿਲਿਆ ਸੀ ਜਿਥੇ ਇਹ ਗੁਰਦੁਆਰਾ ਰਕਾਬ ਗੰਜ ਦੇ ਵਿਵਾਦ ਬਾਰੇ ਹੋਏ ਜਲਸਿਆਂ ਵਿਚ ਹਾਜ਼ਰ ਸਨ: ਜੱਜਾਂ ਅਨੁਸਾਰ ਭਾਵੇਂ ਕਿ ਇਹ ਜਲਸੇ ਮੂਲ ਰੂਪ ਵਿਚ ਇਤਰਾਜ਼ਯੋਗ ਨਹੀਂ ਵੀ ਸਨ, ਪਰ ਇਸ 'ਦੋਸ਼ੀ' (ਭਾਈ ਸਾਹਿਬ) ਨੇ ਤਾਂ ਇੱਥੋਂ ਤੱਕ ਕਿਹਾ ਸੀ ਕਿ ਅੰਗ੍ਰੇਜ਼ੀ ਸਰਕਾਰ ਦਾ ਭੋਗ ਪੈਣ ਹੀ ਵਾਲਾ ਹੈ ਕਿਉਂ ਜੋ ਇਹ ਧਾਰਮਿਕ ਮਸਲਿਆਂ ਵਿਚ ਟੰਗ ਅੜਾਉਣ ਲਗ ਪਈ ਹੈ: ਨਾਲੇ ਲੁਧਿਆਣਾ ਵਿਖੇ ਹੋਈ ਇਕ ਗੁਪਤ ਮੀਟਿੰਗ ਵਿਚ ਪਾਸ ਕੀਤੇ ਗਏ ਇਕ ਮਤੇ ਦਾ ਜਿਕਰ ਕਰਦਿਆਂ ਦੱਸਿਆ ਹੈ "ਕਿ ਜੇ ਸਰਕਾਰ ਨੇ ਗੁਰਦੁਆਰਾ ਰਕਾਬ ਗੰਜ ਢਾਹਿਆ ਤਾਂ ਸਾਨੂੰ ਸਾਰਿਆਂ ਨੂੰ ਬਲੀਦਾਨ ਲਈ ਤਿਆਰ ਬਰ ਤਿਆਰ ਹੋਣਾ ਪਵੇਗਾ": ਉਪਰੰਤ ਇਸਨੇ ਕਈ ਵਿਅਕਤੀਆਂ ਨੂੰ ਗ਼ਦਰ ਪਾਰਟੀ ਨੂੰ ਸਹਿਯੋਗ ਦੇਣ ਲਈ ਪ੍ਰੇਰਿਆ।[3]

---

* ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109, ਫੋਨ: 0172-2556314,
ਈਮੇਲ: mjswaraich29@gmail.com

ਇਸ ਤਰ੍ਹਾਂ ਹੀ ਇਕ ਹੋਰ ਵਾਦਾ ਮਾਫ਼ ਭਗਤ ਸਿੰਘ ਦੇ ਕਥਨ ਅਨੁਸਾਰ ਕੌਮਾਗਾਟਾ ਮਾਰੂ ਜਹਾਜ਼ ਦੀ ਸਤੰਬਰ 1914 ਦੌਰਾਨ ਕੈਨੇਡਾ ਤੋਂ ਜ਼ਹਾਜ਼ੀ ਮੁਸਾਫਰਾਂ ਦੇ ਵਾਪਸੀ ਮੌਕੇ (ਭਾਈ ਸਾਹਿਬ) ਨੇ (ਭਗਤ ਸਿੰਘ ਨੂੰ) ਦਸਿਆ ਸੀ ਕਿ ਮੁਸਾਫਰਾਂ ਨੂੰ ਬਜ-ਬਜ ਘਾਟ, ਕਲਕੱਤਾ ਵਿਖੇ ਗੋਲੀਆਂ ਨਾਲ ਭੁਨਿਆ ਗਿਐ, ਅਤੇ ਸਰਕਾਰੀ ਜਬਰ ਵਧਦਾ ਜਾ ਰਿਹੈ, ਫਿਰ ਜਦੋਂ (ਆਲਮੀ) ਜੰਗ ਛਿੜ ਗਈ ਤਾਂ ਇਹ (ਭਾਈ ਸਾਹਿਬ) ਮਨਘੜਤ ਪ੍ਰਚਾਰ ਕਰਨ ਲਗ ਪਏ ਸਨ ਕਿ ਜਿਥੇ ਹਿੰਦੀ ਫ਼ੌਜੀਆਂ ਨੂੰ ਤਾਂ ਦੁਨੀਆ ਭਰ ਵਿਚ ਮੌਤ ਦੇ ਮੂੰਹ ਵਿਚ ਝੌਂਕਿਆ ਜਾ ਰਿਹੈ ਤੇ ਗੋਰੇ ਫ਼ੌਜੀ ਹਟਵੀਆਂ ਪੰਕਤੀਆਂ ਵਿਚ ਹੀ ਰੱਖੇ ਗਏ ਹਨ, ਇਸ ਲਈ ਸਾਨੂੰ ਵਿਦੇਸ਼ੋ ਪਰਤ ਰਹੇ ਗ਼ਦਰੀ ਵੀਰਾਂ ਦੇ ਪਹੁੰਚਣ ਤੇ ਵਿਦਰੋਹ ਕਰ ਦੇਣਾ ਚਾਹੀਦੈ।[4]

ਬਾਬਾ ਚਮਿੰਡਾ ਅਨੁਸਾਰ ਇਹਨੀ ਦਿਨੀਂ ਅਮਰੀਕਾ ਵਾਲੇ ਗ਼ਦਰੀ ਵੀਰ ਕਰਤਾਰ ਸਿੰਘ ਸਰਾਭਾ, ਭਾਈ ਨਿਧਾਨ ਸਿੰਘ ਚੁਘਾ, ਭਾਈ ਉੱਤਮ ਸਿੰਘ ਹਾਂਸ, ਭਾਈ ਗਾਂਧਾ ਸਿੰਘ ਕਚਰਭੰਨ, ਤੇ ਭਾਈ ਅਰਜਨ ਸਿੰਘ ਖੁਖਰਾਨਾ ਵਰਗੇ ਸੱਜਣ ਭਾਈ ਸਾਹਿਬ ਕੋਲ ਆਉਂਦੇ ਤੇ ਅਸੀਂ ਇਹਨਾਂ ਦੀਆਂ ਗਲਾਂ-ਬਾਤਾਂ ਸੁਣਦੇ ਸਾਂ। ਇਹਨਾਂ ਦਿਨਾਂ ਵਿਚ ਹੀ ਵੀਰ ਕਰਤਾਰ ਸਿੰਘ ਸਰਾਭਾ ਭਾਈ ਸਾਹਿਬ ਜੀ ਨੂੰ ਪਿੰਡ ਗਿਲਾਂ, ਲੁਧਿਆਣਾ ਵਿਚ ਢੰਡਾਰੀ ਵੱਲ ਨੂੰ ਅਖੰਡ ਪਾਠ ਲਈ ਜਾਂਦਿਆਂ ਨੂੰ ਗ਼ਦਰ ਦੀ ਤਰੀਕ 21 ਫਰਵਰੀ ਦੀ ਬਜਾਏ 19 ਫਰਵਰੀ ਦਸ ਗਿਆ ਸੀ। ਇਸ ਮਕਸਦ ਲਈ ਵੀਰ ਸਰਾਭਾ, ਜੋ ਰਾਹ ਗਿਲਾਂ ਤੋਂ ਢੰਡਾਰੀ ਵੱਲ ਨੂੰ ਜਾਂਦਾ ਹੈ ਉਥੇ ਮਿਲਿਆ ਸੀ, ਤਾਂ ਉਸ ਨੇ ਜੱਥੇ ਨੂੰ ਰੋਕ ਕੇ ਨਵੀਂ ਤਰੀਕ ਦੱਸੀ ਤੇ ਹੋਰ ਗਲਾਂ–ਬਾਤਾਂ ਵੀ ਕੀਤੀਆਂ ਜੋ ਪ੍ਰਸਤਾਵਤ ਹੱਲੇ ਨਾਲ ਸੰਬੰਧਤ ਸਨ।

17 ਦਸੰਬਰ 1915 ਨੂੰ ਅਖੰਡ ਪਾਠ ਦੇ ਭੋਗ ਪਿੱਛੋਂ ਗੁਪਤ ਮੀਟਿੰਗ ਹੋਈ ਜਿਸ ਵਿਚ ਗ਼ਦਰ ਪਾਰਟੀ ਦੇ ਫਿਰੋਜਪੁਰ ਹੱਲੇ ਵਿਚ ਸ਼ਾਮਿਲ ਹੋਣ ਦਾ ਗੁਰਮੱਤਾ ਪੇਸ਼ ਹੋਇਆ; ਭਾਈ ਸੁਰਜਨ ਸਿੰਘ ਨੇ ਇਸ ਆਧਾਰ ਤੇ ਇਸਦਾ ਵਿਰੋਧ ਕੀਤਾ ਕਿ "ਖਾਲਸੇ ਨੂੰ ਰਾਜ-ਕਾਜ ਨਾਲ ਕੀ?" ਪਰ ਭਾਈ ਸਾਹਿਬ ਨੇ ਕਿਹਾ ਕਿ ਅਸੀਂ ਓਥੇ ਰਾਜ ਸਾਂਭਣ ਲਈ ਨਹੀਂ ਸਗੋਂ ਜ਼ੁਲਮੀ ਰਾਜ ਨੂੰ ਉਲਟਾਉਣ ਤੇ ਗੋਰੇਸ਼ਾਹੀ ਦਾ ਮਲੀਆਮੇਟ ਕਰਨ ਲਈ ਜਾਣਾ ਹੈ, ਜਿਸਨੇ ਸਾਡੇ ਗੁਰਧਾਮ, ਰਕਾਬ ਗੰਜ ਦੀ ਕੰਧ ਢਾਹੀ ਹੈ: ਫਿਰ ਕਿਸੇ ਹੋਰ ਨੇ ਵਿਰੋਧ ਨਹੀਂ ਕੀਤਾ ਤੇ ਫਿਰੋਜਪੁਰ ਜਾਣ ਦਾ ਗੁਰਮੱਤਾ ਪਾਸ ਹੋ ਗਿਆ ਤੇ ਸਾਰਿਆਂ ਨੂੰ 19 ਫਰਵਰੀ ਤੱਕ ਨਾਰੰਗਵਾਲ ਪੁੱਜਣ ਦੀ ਹਦਾਇਤ ਹੋ ਗਈ।

ਸੋ ਅਸੀਂ ਮਿਥੇ ਸਮੇਂ ਤੇ ਨਾਰੋਗਵਾਲ ਪਹੁੰਚ ਕੇ ਸ਼ਹੀਦੀਆਂ ਪ੍ਰਾਪਤ ਕਰਨ ਲਈ ਕੜਾਹ-ਪ੍ਰਸ਼ਾਦ ਦੀਆਂ ਦੇਗਾਂ ਤਿਆਰ ਕਰਾਕੇ, ਭੁਲਾਂ ਬਖ਼ਸ਼ਾਕੇ ਫਿਰੋਜਪੁਰ ਛਾਉਣੀ ਦੇ ਕਿਲ੍ਹੇ ਤੇ ਧਾਵਾ ਬੋਲਣ ਲਈ ਤੁਰ ਪਏ। ਵੀਰ ਕਰਤਾਰ ਸਿੰਘ ਅਨੁਸਾਰ ਸਾਡੀਆਂ ਕਾਲੀਆਂ ਦਸਤਾਰਾਂ ਦੇ ਦੂਰੋਂ ਦਿਸ ਪੈਣ ਦੇ ਸ਼ੰਕੇ ਨੂੰ ਮੁੱਖ ਰੱਖਦਿਆਂ ਭਾਈ ਸਾਹਿਬ ਨੇ ਖਾਕੀ ਕਪੜੇ ਦਾ ਇਕ ਥਾਨ ਖਰੀਦ ਕੇ ਗਜ਼-ਗਜ਼ ਦੇ ਟੁਕੜੇ ਸਭ ਨੂੰ ਦੇ ਦਿੱਤੇ ਤਾਕਿ ਧਾਵੇ ਸਮੇਂ ਕਾਲੀ ਦਸਤਾਰ ਉਪਰ ਸਜਾ ਲੈਣ।

ਅਸੀਂ ਸਾਰੇ ਮੁਲ੍ਹਾਪੁਰ-ਦਾਖਾ ਰੇਲਵੇ ਸਟੇਸ਼ਨ ਤੋਂ ਫਿਰੋਜ਼ਪੁਰ ਲਈ ਗੱਡੀ ਵਿਚ ਚੜ੍ਹੇ ਤੇ ਜਾ ਉਤਰੇ ਫਿਰੋਜਪੁਰ ਜਿੱਥੇ ਵੀਰ ਸਰਾਭਾ ਅੱਗੇ ਆਇਆ ਖਲੋਤਾ ਸੀ। ਸਾਰਾ ਜੱਥਾ ਜੋ ਕਿ ਚਾਲੀ-ਪੰਜਾਹ ਦੀ ਗਿਣਤੀ ਵਿਚ ਸੀ, ਸਰਾਭੇ ਦੇ ਪਿੱਛੇ-ਪਿੱਛੇ ਫਿਰੋਜਪੁਰ ਛਾਉਣੀ ਦੀਆਂ ਬਾਰਕਾਂ ਵਿਚੋਂ ਲੰਘ ਕੇ ਗ਼ਦਰ ਲਈ ਜੁੜੇ ਸੰਗਰਾਮੀਆਂ ਵਿਚ, ਜੋ ਕਿ ਚਾਂਦਮਾਰੀ ਦੇ ਨੇੜੇ ਜਿਹੇ ਸਨ, ਜਾ ਰਲ੍ਹੇ। ਇਸ ਥਾਂ ਦੇ ਨੇੜੇ ਝਾੜੀਆਂ ਵੀ ਸਨ ਤੇ ਰੇਤਲੀ ਜਿਹੀ ਥਾਂ ਜਾਪਦੀ ਸੀ।

ਸਰਾਭਾ ਸਾਨੂੰ ਉਥੇ ਪੁਚਾ ਕੇ ਆਪ ਕਿਲ੍ਹੇ ਵੱਲ ਨੂੰ ਚਲਾ ਗਿਆ; ਪਤਾ ਨਹੀਂ ਇਹ ਕਿੰਨੀ ਕੁ ਦੂਰ ਸੀ: ਉਹ ਦੋ ਵਜੇ ਤੱਕ ਵਾਪਿਸ ਨਾ ਪਰਤਿਆ: ਅਸੀਂ ਸਾਰੇ ਬੜੀ ਹੀ ਬੇਤਾਬੀ ਨਾਲ ਉਸਦੀ ਉਡੀਕ ਕਰ ਰਹੇ ਸਨ ਤੇ ਕਿਆਫੇ ਲਾ ਰਹੇ ਸਾਂ ਕਿ ਕੀ ਗੱਲ ਹੈ ਕਿ ਟਾਟੀਮ ਹੋ ਈ ਨਹੀਂ ਚੁਕਾ ਬਲਕਿ ਲੰਘ ਚੁਕਾ ਹੈ ਪਰ ਉਹ ਪਰਤਿਆਂ ਕਿਉਂ ਨਹੀਂ... ਖ਼ੈਰ ਅਖੀਰ ਸਰਾਭਾ ਆਇਆ ਤੇ ਆਉਂਦਿਆਂ ਹੀ ਭਰੇ ਮਨ ਨਾਲ ਸਾਨੂੰ ਦੱਸਿਆ ਕਿ ਜਿਨ੍ਹਾਂ ਫ਼ੌਜੀਆਂ ਨਾਲ ਸਾਡਾ ਮੇਲ-ਮਿਲਾਪ ਸੀ, ਉਹ ਪਹਿਲਾਂ ਹੀ ਬਰਖਾਸਤ ਕਰਕੇ ਫੌਜੀ ਪਹਿਰੇ ਹੇਠ ਆਪੋ-ਆਪਣੇ ਘਰੀ ਰਵਾਨਾ ਕਰ ਦਿੱਤੇ ਗਏ ਹੋਏ ਸਨ, ਇਸ ਲਈ ਸਭ ਸੱਜਣਾਂ ਨੂੰ ਜਿਧਰ ਰਾਹ ਲਭੇ ਖਿਸਕ ਜਾਣ।

ਭਾਵੇਂ ਕਿ ਅਲ੍ਹੜ ਉਮਰ ਦੇ ਸਰਾਭੇ ਦੀ ਇਹ ਸਿਆਣਪ ਹੀ ਸੀ ਕਿ ਜਦੋਂ ਹਾਲਾਤ ਮਾਫ਼ਕ ਹੋਣਗੇ ਉਦੋਂ ਹੀ ਟੱਕਰ ਲਵਾਂਗੇ ਐਵੇਂ ਮਰਨਾ ਫਜ਼ੂਲ ਸੀ, ਪਰ ਅਜ਼ਾਦੀ ਦੀ ਸਮ੍ਹਾਂ ਦੇ ਪਰਵਾਨਿਆਂ ਦੀ ਨਿਰਾਸ਼ਾ ਦਾ ਕੋਈ ਅੰਦਾਜ਼ਾ ਨਹੀਂ ਲਾ ਸਕਦਾ।[5]

ਪਹਿਲੇ ਕੇਸ ਦੀ ਤਫ਼ਤੀਸ਼ ਦੌਰਾਨ ਵਾਦਾ ਮਾਫ਼ ਗਵਾਹਾਂ ਦੇ ਬਿਆਨਾਂ ਦੇ ਆਧਾਰ ਤੇ ਜੱਥੇ ਦੇ ਸੱਜਣਾਂ ਦੇਵਾਰੰਟ ਜਾਰੀ ਹੁੰਦੇ ਗਏ ਤੇ ਅੱਗੇ-ਪਿੱਛੇ ਗ੍ਰਿਫਤਾਰੀਆਂ ਹੁੰਦੀਆਂ ਗਈਆਂ; ਇਛਰਾ ਸਿੰਘ ਲੋਹਟ ਬੱਧੀ ਦੇ ਇਨਕਸ਼ਾਫ਼ ਰਾਹੀਂ ਭਾਈ ਸਾਹਿਬ ਦੇ ਵਾਰੰਟ ਜਾਰੀ ਹੋਣ ਉਪਰੰਤ ਆਪ 9 ਮਈ 1915 ਨੂੰ ਗ੍ਰਿਫਤਾਰ ਕਰ ਲਏ ਗਏ।

ਆਪ ਜੀ ਨੂੰ ਸਹਿਨਸ਼ਾਹ ਖਿਲਾਫ਼ ਜੰਗ ਵਿਢਣ ਦੇ ਦੋਸ਼ ਵਿਚ 121 ਦਫ਼ਾ ਤਾਜ਼ੀਰਾਤੇ ਹਿੰਦ ਅਧੀਨ ਸੱਤ ਮੁਦਿਆਂ ਤੇ ਕਸੂਰਵਾਰ ਗਰਦਾਨਿਆ ਗਿਆ ਸੀ।[6]

ਬਾਬਾ ਚਮਿੰਡਾ ਅਨੁਸਾਰ, ਜੱਥੇ ਦੇ ਭਾਈ ਅਰਜਨ ਸਿੰਘ *ਸਹਿਜ ਭਾਈ* ਜਗਰਾਓਂ ਵਾਲਿਆਂ ਦੇ ਮਾਤਾ ਦਇਆ ਕੌਰ ਜੀ, ਭਾਈ ਸਾਹਿਬ ਦੇ ਪੱਕੇ ਸ਼ਰਧਾਲੂ ਸਨ; ਉਹਨਾਂ ਦੇ ਕੰਨੀ ਭਿਣਕ ਪਈ ਕਿ ਉਹਨਾਂ ਦਾ ਬੇਟਾ ਪੁਲਿਸ ਦੇ ਝਾਂਸੇ ਵਿਚ ਆਕੇ ਵਾਦਾ ਮਾਫ਼ ਬਨਣ ਜਾ ਰਿਹੈ: ਉਹਨਾਂ ਪੁਲਿਸ ਕੋਲੋ ਇਹ ਕਹਿਕੇ ਬੇਟੇ ਨੂੰ ਮਿਲਣ ਦੀ ਆਗਿਆ ਲੈ ਲਈ ਕਿ ਉਹ ਆਪਣੇ ਬੇਟੇ ਨੂੰ ਅਜੇਹਾ ਕਰਨ ਲਈ ਹੀ ਪ੍ਰੇਰਣਗੇ: ਪਰ ਮੌਕਾ ਭਾਲ ਕੇ ਬੇਟੇ ਨੂੰ ਤਾੜਨਾ ਕੀਤੀ ਕਿ ਜੇ ਤੂੰ ਜੱਥੇ ਵਿਰੁੱਧ ਬਿਆਨ ਦੇਕੇ ਮੇਰੀ ਕੁਖ ਨੂੰ ਕਲੰਕਤ ਕੀਤਾ ਤਾਂ ਮੈਂ ਇਹ ਸਮਝ ਲਵਾਂਗੀ ਕਿ ਜਿੱਥੇ ਮੇਰੀਆਂ ਪਹਿਲਾਂ ਪੰਜ ਸੰਤਾਨਾਂ ਚਲੀਆਂ ਗਈਆਂ ਨੇ, ਤੂੰ ਵੀ ਉਥੇ ਹੀ ਚਲਾ ਗਿਆ। ਭਾਵੇਂ ਉਪਰੋਕਤ ਸ਼ੰਕਾ ਸੱਚ ਸੀ ਜਾਂ ਝੂਠ ਪਰ ਭਾਈ ਅਰਜਨ ਸਿੰਘ ਚੜ੍ਹਦੀ ਕਲਾ ਵਿਚ ਹੋ ਗਿਆ।[7]

ਹੋਰ ਵੀ ਮਾਅਰਕੇ ਦੀ ਗੱਲ: ਦੂਜੇ ਕੇਸ ਦੀ ਸਮਾਇਤ ਦੌਰਾਨ ਭਾਈ ਅਰਜਨ ਸਿੰਘ ਤੇ ਇੱਕ ਦੋਸ਼ ਇਹ ਵੀ ਸੀ ਕਿ ਉਹਨਾਂ ਨੇ ਜਗਰਾਉਂ ਲਾਗੇ ਕਿੱਲੀ ਮੇਲੇ ਤੇ ਭੜਕਾਊ ਭਾਸ਼ਣ ਦਿੱਤਾ ਸੀ, ਜਿਸ ਦੇ ਬਚਾਅ ਲਈ ਉਹਨਾਂ ਨੇ ਉਜ਼ਰ ਕੀਤਾ ਸੀ ਕਿ ਉਹ ਤਾਂ ਓਹਨੀ ਦਿਨੀਂ ਬੀਮਾਰੀ ਨਾਲ ਮੰਜੇ ਤੇ ਪਏ ਹੋਏ ਸਨ। ਜੱਜਾਂ ਨੇ ਇਸ ਮੁੱਦੇ ਤੇ ਟਿੱਪਣੀ ਕੀਤੀ ਹੈ ਕਿ ਜੇ ਵਾਕਿਆ ਈ ਇਹ ਸੱਚ ਹੁੰਦਾ ਤਾਂ ਜ਼ਰੂਰ ਹੀ ਉਹਦੀ ਮਾਤਾ ਬਤੌਰ ਗਵਾਹ ਸਫਾਈ ਅਦਾਲਤ ਵਿਚ ਪੇਸ਼ ਹੋਕੇ ਉਕਤ ਤੱਥ ਦੀ ਪੁਸ਼ਟੀ ਕਰਦੀ, ਜਦੋਂ ਕਿ ਉਸਦੀ ਮਾਤਾ ਦਇਆ ਕੌਰ ਨੇ ਭਾਈ ਸਾਹਿਬ ਦੇ ਬਚਾਅ ਹਿਤ ਬਤੌਰ ਗਵਾਹ ਸਫਾਈ ਨੰਬਰ DW. 911 ਪੇਸ਼ ਹੋਕੇ ਡਟ ਕੇ ਗਵਾਹੀ ਦਿੱਤੀ ਹੋਈ ਸੀ।

***ਨਾ ਵਕੀਲ, ਨਾ ਦਲੀਲ, ਨਾ ਅਪੀਲ:***

ਗ਼ਦਰੀਆਂ ਨੂੰ 'ਸੋਧਣ' ਲਈ Ordinance IV ਤਹਿਤ 'ਸਪੈਸ਼ਲ' ਟ੍ਰਿਬਿਊਨਲ, ਕਾਇਮ ਕੀਤੇ ਗਏ ਜਿਨ੍ਹਾਂ ਨੂੰ ਮਨ ਮਰਜ਼ੀ ਨਾਲ ਫਾਂਸੀ ਤੱਕ ਦੀ ਸਜਾ ਦੇਣ ਦੀ ਵੀ ਪੂਰੀ ਖੁਲ੍ਹ ਸੀ: ਜਿਸ ਕਰਕੇ ਆਮ ਲੋਕਾਂ ਦੇ ਮੂੰਹੋਂ ਪਹਿਲੀ ਵਾਰੀ ਇਹ ਸੁਣਨ 'ਚ ਆਇਆ ਸੀ, 'ਨਾ ਵਕੀਲ, ਨਾ ਦਲੀਲ, ਨਾ ਅਪੀਲ।'

ਅਖ਼ੀਰ 30 ਮਾਰਚ 1916 ਨੂੰ ਇਸ ਕੇਸ ਦਾ ਫੈਸਲਾ ਸੁਣਾਇਆ ਗਿਆ, ਜਿਸ ਵਿਚ 5 ਨੂੰ ਫਾਂਸੀ, 19 ਨੂੰ ਉਮਰ ਕੈਦ ਕਾਲਾ ਪਾਣੀ, 35 ਹੋਰਨਾਂ ਨੂੰ ਘੱਟ ਮਿਆਦ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਸਨ; ਕੇਵਲ 15 ਨੂੰ ਬਰੀ ਕੀਤਾ ਗਿਆ ਸੀ।

ਭਾਈ ਸਾਹਿਬ ਬਾਰੇ ਲਿਖਿਆ ਗਿਆ ਫੈਸਲਾ ਵੱਡੇ ਆਕਾਰ ਦੇ ਬਰੀਕ ਛਪਾਈ ਵਾਲੇ 15 ਪੰਨਿਆਂ ਤੇ ਅਧਾਰਤ ਹੈ — ਸਾਰੇ ਮੁੱਦੇ ਸਮੇਟਦਿਆਂ ਆਖਰੀ ਪੰਨੇ ਤੇ ਸਾਰੀ ਵਿਥਿਆ ਦਾ ਖੁਲਾਸਾ ਇੰਜ ਕੀਤਾ ਗਿਆ ਹੈ:-

We do not desire to press anything against him. He appears to have been an ordinary loyal citizen, at any rate, until 1910 or 1911; and we daresay he continued to be one after that time. Whether he became a revolutionary because of some fancied grievances, or whether he joined the *Ghadr* movement under the impression that it would become popular and with a craving for notoriety, going about the country with a number of adherents, we shall probably never know. Of his guilt there can be no possible doubt whatever; and we cannot lose sight of the fact that it was his influence that brought several of the co-accused (including many youths and the old man Ram Singh) into the dock.... *We are ready to say what we can in his favour; but it only amounts to this, that the idea of the Ferozepore raid did not originate in his brain. He and his party went there more or less under the orders of Kartar Singh of Soraba; but his readiness to comply with orders from Ghadr leaders is shown by the fact that he, a man of 38 years of age, was prepared to accept his instructions from a young man (almost a youth) like Kartar Singh of Soraba.*

We are satisfied on the evidence that accused *from an early period conspired to wage war on several occasions as above indicated*; and that he committed an act of war in going to Ferozepore in a warlike array to attack the arsenal there; and we accordingly, convict his under section 121-A, 121, Indian Penal Code, and sentence him to transportation for life, and direct that his property, liable to forfeiture, be forfeited to Government.

Judgement: Lahore Conspiracy Case (Supplementary): 30.3.1916 re (Bhai) Randhir Singh

ji (Accused No. 69).[8]

***ਕਾਲੇ ਪਾਣੀ ਦਾ ਬਦਲ*: ਹਜਾਰੀ ਬਾਗ਼**

ਪਹਿਲੇ ਕੇਸ ਵਾਲੇ ਗ਼ਦਰੀਆਂ ਨੂੰ ਜਿੱਥੇ 13 ਸਤੰਬਰ 1915 ਦੇ ਅਦਾਲਤੀ ਫੈਸਲੇ ਦੇ ਤਿੰਨ ਮਹੀਨੇ ਪਿੱਛੋਂ, ਵੱਡੇਰੀ ਉਮਰ ਵਾਲੇ ਤੇ ਕਮਜ਼ੋਰ ਸਿਹਤ ਵਾਲੇ ਕੈਦੀਆਂ ਸਮੇਤ, ਲਗਭਗ ਚਾਲੀ ਗ਼ਦਰੀਆਂ ਨੂੰ ਅੰਡੇਮਾਨ ਦੇ ਕੁੰਭੀ ਨਰਕ ਵਿਚ ਝੋਂਕ ਦਿੱਤਾ ਗਿਆ ਸੀ, ਜਿੱਥੇ ਉਹਨਾਂ ਨੂੰ ਵਹਿਸ਼ੀਆਨਾ ਜਬਰ ਨਾਲ ਲੋਹਾ ਲੈਦਿਆਂ ਅੱਠ ਸਾਥੀਆਂ ਦੀ ਬਲ਼ੀ ਦੇਣੀ ਪਈ ਸੀ, ਤਾਂ ਵੀ ਉਹਨਾਂ ਦੇ ਕਦਮ ਡਗਮਗਾਏ ਨਹੀਂ ਸਨ, ਤੇ ਉਨ੍ਹਾਂ ਪੰਜ-ਛੇ ਸਾਲ ਜੇਲ੍ਹ ਅਧਿਕਾਰੀਆਂ ਦੇ ਨਕ 'ਚ ਦੱਮ ਕਰੀ ਰੱਖਿਆ ਸੀ; ਸੋ ਜਦੋਂ ਦੂਜੇ ਕੇਸ ਵਾਲਿਆਂ ਨੂੰ ਕਾਲੇ ਪਾਣੀ ਭੇਜਣ ਬਾਰੇ ਉਹਨਾਂ ਨੂੰ ਪਤਾ ਲੱਗਾ ਤਾਂ ਉਹਨਾਂ ਦੁਹਾਈ ਦਿੱਤੀ ਕਿ ਅਜੇਹਾ ਕਦਾਚਿਤ ਨਾ ਕੀਤਾ ਜਾਏ। ਏਥੋਂ ਤੀਕ ਕਿ ਪਹਿਲੇ ਕੇਸ ਵਾਲਿਆਂ ਨੂੰ 1921 ਦੌਰਾਨ ਅੰਡੇਮਾਨ ਤੋਂ ਨਾ ਸਿਰਫ ਵਾਪਿਸ ਹੀ ਭੇਜਣਾ ਪਿਆ ਬਲਕਿ ਉਸ ਤੋਂ ਤੁਰੰਤ ਬਾਅਦ 1922 ਤੋਂ ਸਿਆਸੀ ਕੈਦੀਆਂ ਦੇ ਅੰਡੇਮਾਨ ਭੇਜਣ ਤੇ ਹੀ ਰੋਕ ਵੀ ਲਾਉਣੀ ਪਈ।

ਪੰਥ ਦੀ ਇਕ ਹੋਰ ਸਿਰਮੌਰ ਹਸਤੀ ਸੰਤ - ਬਾਬਾ ਵਿਸਾਖਾ ਸਿੰਘ ਜੀ ਦਦੇਹਰ/ਅੰਮ੍ਰਿਤਸਰ ਵਾਲਿਆਂ ਨੇ, ਜੋ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਅਗਵਾਈ ਹੇਠ 15 ਅਕਤੂਬਰ 1932 ਨੂੰ ਗੁਰਦੁਆਰਾ ਪੰਜਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਣ ਵਾਲੇ ਪੰਜਾਂ ਪਿਆਰਿਆਂ 'ਚ ਸ਼ਾਮਿਲ ਸਨ (ਤੇ ਇਕ ਹੋਰ ਪ੍ਰਸਿੱਧ ਗਦਰੀ ਸੰਗਰਾਮੀਏ ਬਾਬਾ ਨਿਧਾਨ ਸਿਘ ਵੀ ਇਹਨਾਂ 'ਚ ਸੁਸ਼ੋਭਤ ਸਨ)[9] ਕਾਲੇ ਪਾਣੀ ਬਾਰੇ ਆਪਣੀਆਂ ਯਾਦਾਂ ਆਪਣੀ ਸਵੈਜੀਵਨੀ ਅੰਦਰ ਕਵਿਤਾ ਦੇ ਰੂਪ ਵਿਚ ਅੰਕਤ ਕੀਤੀਆਂ ਹਨ:

**ਅੰਡੇਮਤਾਨ ਦਾ ਕੁੰਭੀ ਨਰਕ:**

ਅੰਡੇਮਾਨ ਵਿਚ ਡਾਕੂ ਨੇ ਤਿੰਨ ਵੱਡੇ,
ਸੀ.ਸੀ.[ੳ], ਮਰੇ[ਅ] ਤੇ ਬੈਰੀ[ੲ] ਪਛਾਣ ਤਿੰਨੇ।
ਰਹੇ ਖ਼ੂਨ ਨਿਚੋੜ ਨੇ ਕੈਦੀਆਂ ਦਾ,
ਇਕ ਦੂਜਿਓ, ਵਧ ਬੇਈਮਾਨ ਤਿੰਨੇ।
ਜੋ ਚਾਹੁੰਦੇ ਜੁਲਮ ਨੇ ਕਰੀ ਜਾਂਦੇ,
ਬੇਰਹਿਮ, ਬੇਸ਼ਰਮ ਸ਼ੈਤਾਨ ਤਿੰਨੇ।
ਅਖੀਂ ਵੇਖਿਆ ਸਿੰਘ ਵਿਸਾਖ ਲਿਖਿਆ,
ਜਾਣ ਕੈਦੀਆਂ ਦੀ ਪਏ ਖਾਣ ਤਿੰਨੇ।[10]

[(ੳ) Chief Commissioner, Ademan Nicobar Islands, (ਅ) Jail Superintendent – Murrey ਅਤੇ (ੲ) Jailor: Berry — ਸੰਪਾਦਕ]

ਸੋ ਹਿੰਦ ਸਰਕਾਰ ਨੇ ਦੂਜੇ ਕੇਸ ਵਾਲਿਆਂ ਨੂੰ ਕਾਲੇ ਪਾਣੀ ਭੇਜਣ ਦੀ ਬਜਾਏ ਇਕ ਦੂਰਦੁਰਾਡੇ, ਇਕਲਵੰਜੇ ਹਜ਼ਾਰੀ ਬਾਗ (ਬਿਹਾਰ-ਝਾਰਖੰਡ) ਸੈਂਟ੍ਰਲ ਜੇਲ੍ਹ ਭੇਜ ਦਿੱਤਾ: ਜਦੋਂ ਇਹਨਾਂ ਸਾਰਿਆਂ ਨੂੰ ਸਪੈਸ਼ਲ ਗੱਡੀ ਰਾਹੀਂ ਹਜਾਰੀ ਬਾਗ ਵੱਲ ਰਵਾਨਾ ਕੀਤਾ ਗਿਆ ਤਾਂ ਸਬੱਬ ਨਾਲ ਗੱਡੀ ਨੇ ਲੁਧਿਆਣਿਉਂ ਦਿਨ ਵੇਲੇ ਲੰਘਣਾ ਸੀ ਤਾਂ ਲੁਧਿਆਣੇ ਜ਼ਿਲ੍ਹੇ ਦੇ ਕੁਝ ਕੁ ਗ਼ਦਰੀਆਂ ਨੇ ਸੋਚਿਆ ਕਿ ਜਦੋਂ ਗੱਡੀ ਲੁਧਿਆਣੇ ਸਟੇਸ਼ਨ ਤੇ ਖਲੋਵੇਗੀ ਤਾਂ ਕਿਸੇ ਵਾਕਫ਼/ਨਾਵਾਕਫ਼ ਸੱਜਣ ਰਾਹੀਂ ਆਪਣੇ ਘਰਦਿਆਂ ਨੂੰ ਸੁੱਖ-ਸੁਨੇਹੇ ਤੋਂ ਇਲਾਵਾ ਆਪਣੀ ਜੇਲ੍ਹ ਬਦਲੀ ਦਾ ਸਮਾਚਾਰ ਭੇਜ ਦੇਵਾਂਗੇ, ਜੋ ਕਿ ਸਾਧਾਰਨ ਹਾਲਤ ਵਿਚ ਕੋਈ ਵਚਿੱਤਰ ਗੱਲ ਨਹੀਂ ਸੀ ਜਾਪਦੀ। ਪਰ ਜੋ ਹੋਇਆ, ਬਾਬਾ ਸੱਜਣ ਸਿੰਘ ਨਾਰੰਗਵਾਲ ਨੇ ਆਪਣੀ *ਸਵੈਜੀਵਨੀ* ਵਿਚ ਇੰਜ ਬਿਆਨਿਆ ਹੈ:-

ਜ਼ਿਲ੍ਹਾ ਆ ਗਿਆ ਮੇਰਾ ਤੇ ਮੈਂ ਤੱਕਾ ਚਾਰ ਚੁਫ਼ੇਰੇ,
ਸਿਖ ਭਾਈ ਜਾਂ ਵਾਕਫ਼ ਕੋਈ ਸਾਡੇ ਆਏ ਨੇੜੇ।
ਐਨਾ ਡਰ ਲੋਕਾਂ ਵਿਚ ਪਾਇਆ, ਕੋਲੇ ਕੋਈ ਨਾ ਆਵੇ,
ਦੂਰੋਂ ਭੀ ਨਾ ਦੇਖੇ ਕੋਈ ਫ਼ਤਿਹ ਨਾ ਕੋਈ ਬੁਲਾਵੇ।
ਪਤਾ ਲਗਿਆ ਸਾਨੂੰ, ਬਾਹਰ ਕਰਦੇ ਇਹ ਪਰਚਾਰ,

ਸਿਖ ਨਹੀਂ, ਸਰਦਾਰ ਨਹੀਂ ਜੋ ਲੜੇ ਨਾਲ ਸਰਕਾਰ।[11]

**ਗ਼ਦਰੀ ਤੇ ਕੋਮਾਗਾਟਾ ਮਾਰੂ ਦੇ ਸ਼ਹੀਦ ਸਿੱਖ ਹੀ ਨਹੀਂ:**

ਅਸਲ ਵਿੱਚ ਚੀਫ਼ ਖਾਲਸਾ ਦੀਵਾਨ ਵਰਗੀਆਂ ਸਰਕਾਰ ਪਰਸਤ ਸੰਸਥਾਵਾਂ ਨੇ ਸਰਕਾਰ ਦਾ ਪੱਖ ਪੂਰਦਿਆਂ ਗੁਰੂ ਤੇਗ ਬਹਾਦੁਰ ਸਾਹਿਬ ਦੀ ਸ਼ਹਾਦਤ ਤੋਂ ਪਹਿਲਾਂ ਦਿੱਲੀ ਨਜਰਬੰਦੀ ਦੌਰਾਨ ਬੰਦੀਖਾਨੇ ਦੀ ਉਪਰਲੀ ਮੰਜਿਲ ਤੇ ਖਲੋਕੇ ਵਿਦੇਸ਼ੀ ਹਾਕਮਾਂ ਦੇ ਹਿੰਦ ਪਧਾਰਨ ਦੀ ਭੱਵਿਖਬਾਣੀ ਕੀਤੇ ਜਾਣ, ਅਤੇ ਦਸ਼ਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਵਲੋਂ ਇਸ ਨਾਲੋਂ ਵੀ ਪ੍ਰਤੱਖ ਵੇਰਵੇ ਸਹਿਤ ਕਥਿਤ ਭੱਵਿਖਬਾਣੀ ਦੇ ਹਵਾਲੇ ਨਾਲ *ਖਾਲਸਾ ਐਡਵੋਕੇਟ* ਅਖ਼ਬਾਰ ਵਿਚ ਪਹਿਲਾਂ ਸੰਪਾਦਕੀ 26 ਜੂਨ 1915 ਨੂੰ ਛਾਪਿਆ ਜਿਸਦਾ ਸਿਰਲੇਖ ਸੀ 'ਗੁਰੂ ਗੋਬਿੰਦ ਸਿੰਘ ਜੀ ਦੀ ਅੰਗ੍ਰੇਜੀ ਰਾਜ ਬਾਰੇ ਭੱਵਿਖਬਾਣੀ'। ਉਪਰੰਤ 18 ਸਤੰਬਰ 1915 ਨੂੰ, ਭਾਵ ਪਹਿਲੇ ਲਾਹੌਰ ਸਾਜ਼ਿਸ ਕੇਸ ਦੇ ਫੈਸਲੇ ਤੋਂ ਪੰਜ ਦਿਨ ਬਾਦ 'ਲਾਹੌਰ ਸਾਜ਼ਿਸ ਕੇਸ' ਦੇ ਸਿਰਖਲੇ ਹੇਠਾਂ ਇਹਨਾਂ ਦੇਸ਼ਭਗਤ ਮਰਜੀਵੜਿਆਂ ਤੇ ਭੜਾਸ ਕਢਦਿਆਂ ਇਹਨਾਂ ਨੂੰ ਮਾਨਸਖਾਣੇ (Cannibals) ਅਤੇ ਬਾਹਰੋਂ ਗ਼ਦਰੀਆਂ ਨੂੰ ਆਏ ਮੂੜ੍ਹ ਜੱਟ (stupid jats) ਕਹਿੰਦੀਆਂ 24 ਗ਼ਦਰੀਆਂ ਨੂੰ ਫਾਂਸੀ ਸੁਨਾਏ ਜਾਣ ਤੇ ਜੱਜਾਂ ਨੂੰ ਸ਼ਾਵਾਸ਼ ਦਿੱਤੀ ਹੈ ਤੇ ਉਮੀਦ ਜਤਾਈ ਹੁਈ ਹੈ ਕਿ ਉਹ ਇਸ '*ਯੋਗ ਕਾਰਵਾਈ*' ਤੇ ਨਜ਼ਰਸਾਨੀ ਨਹੀਂ ਕਰਨਗੇ।[12]

ਬਾਕੀ ਇਹਨਾਂ ਦੇ ਹਜਾਰੀ ਬਾਗ਼ ਜੇਲ੍ਹ ਬੰਦੀ ਦੇ ਹਾਲਾਤ ਤੇ ਪਿਛੋਂ ਹੋਰ ਜੇਲ੍ਹਾਂ ਦੀਆਂ ਘਟਨਾਵਾਂ ਬਾਰੇ ਚੂੰਕਿ 'ਜੇਲ੍ਹ ਚਿੱਠੀਆਂ' ਵਿਚ ਵਿਸਥਾਰ ਦਿੱਤੇ ਗਏ ਹਨ, ਇਸ ਪਰਥਾਏ ਕੁਝ ਹੋਰ ਕਹਿਣਾ ਸੂਰਜ ਨੂੰ ਚਿਰਾਗ਼ ਦਿਖਾਉਣ ਵਾਲੀ ਗੱਲ ਹੀ ਹੋਵੇਗੀ।

**ਹਵਾਲੇ**


1 *ਲਹੂ ਭਿੰਨੀਆਂ ਯਾਦਾਂ*, ਗਿਆਨੀ ਹਰਭਜਨ ਸਿੰਘ 'ਸਾਥੀ', ਦੇਸ਼ਭਗਤ ਯਾਦਗਾਰ ਕਮੇਟੀ, ਜਲੰਧਰ, ਫਰਵਰੀ 1999, ਪੰਨਾ 47

2 *ਉਹੀ*, ਪੰਨੇ 99-100

3 *Judgement: re (Bhai) Randhir Singh, Accused No. 69* (Manuscript), p. 280

4 *War Against King Emperor – Ghadr of 1914-15: A verdict by Special Tribunal*, Malwinder Jit Singh, Harinder Singh, Bhai Sahib Randhir Singh Trust, 23-G, Sarabha Nagar, Ludhiana, Nov. 2001, p. 199

5 *ਲਹੂ ਭਿੰਨੀਆਂ ਯਾਦਾਂ*, ਪੰਨੇ 100-101

6 *War Against King Emperor*, op. cit., pp. 529-30

7 *ਲਹੂ ਭਿੰਨੀਆਂ ਯਾਦਾਂ*, ਪੰਨਾ 98

8 *Judgement: re (Baba) Arjan Singh, Accused No. 2* (Manuscript), pp. 125-26.

9 *ਜੀਵਨੀ ਬਾਬਾ ਨਿਧਾਨ ਸਿੰਘ ਚੁਘਾ*, ਸੁਰਜੀਤ ਚੰਦਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ 78

10 *ਆਤਮ ਕਥਾ: ਸੰਤ ਬਾਬਾ ਵਿਸਾਖਾ ਸਿੰਘ*, ਸੰਪਾਦਕ: ਪ੍ਰੋ. ਮਲਵਿੰਦਰ ਜੀਤ ਸਿੰਘ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ, ਮਈ 2001, ਪੰਨਾ 80

11 *ਆਤਮ ਕਥਾ: ਬਾਬਾ ਸੱਜਣ ਸਿੰਘ ਨਾਰੰਗਵਾਲ*, ਪ੍ਰਕਾਸ਼ਨਾ ਸ. ਲਖਮੀ ਸਿੰਘ, 378 ਮਾਡਲ ਟਾਊਨ, ਲੁਧਿਆਣਾ, ਅਪ੍ਰੈਲ 1966, ਪੰਨਾ 21

12 *Khalsa Advocate:* Editorials dated 26 June 1915 and 18 Sept. 1915 (Source: Microfilms in Nehru Memorial Museum and Library, Teen Murti, New Delhi through Mr Sita Ram Bansal)


~o~